# ਪੰਜਾਬ ਸਕੂਲ ਸਿੱਖਿਆ ਬੋਰਡ

## (ਪ੍ਰੈੱਸ ਨੋਟ)

## ਬੋਰਡ ਵੱਲੋਂ ਤਰਨਤਾਰਨ ਜ਼ਿਲ੍ਹੇ ਦੇ 10 ਹੋਰ ਪਰੀਖਿਆ ਕੇਂਦਰ ਅੱਜ ਤੋਂ ਤਬਦੀਲ

### ਨਕਲ ਵਿਰੁੱਧ ਸਰਕਾਰ ਦਾ ਸਖਤ ਰੁਖ਼

ਐੱਸ.ਏ.ਐੱਸ ਨਗਰ 6 ਮਾਰਚ ( ) ਤਰਨ ਤਾਰਨ ਜ਼ਿਲ੍ਹੇ ਦੇ ਸਰਹੱਦੀ ਖੇਤਰ 'ਚ ਪੰਜਾਬ ਸਰਕਾਰ ਦੇ ਨਕਲ ਵਿਰੋਧੀ ਅਭਿਆਨ ਤਹਿਤ ਨਕਲ ਨੂੰ ਠੱਲ੍ਹ ਪਾਉਣ ਲਈ 10 ਹੋਰ ਪਰੀਖਿਆ ਕੇਂਦਰਾਂ ਨੂੰ ਤਬਦੀਲ ਕਰਕੇ ਉਨ੍ਹਾਂ ਲਈ ਨਵੇਂ ਪਰੀਖਿਆ ਕੇਂਦਰ ਬੋਰਡ ਵੱਲੋਂ ਸਥਾਪਿਤ ਕੀਤੇ ਗਏ ਹਨ।

ਬੋਰਡ ਦੇ ਬੁਲਾਰੇ ਨੇ ਦੱਸਿਆ 07-03-2018 ਤੋਂ ਬਾਰ੍ਹਵੀਂ ਦੇ ਹੋਣ ਵਾਲੇ ਬਾਕੀ ਅਤੇ ਦਸਵੀਂ ਦੇ ਸਾਰੇ ਪੇਪਰ ਬੋਰਡ ਵੱਲੋਂ ਸਥਾਪਿਤ ਨਵੇਂ ਕੇਂਦਰਾਂ 'ਤੇ ਹੋਣਗੇ ਅਤੇ ਤਬਦੀਲ ਕੀਤੇ ਗਏ ਕੇਂਦਰਾਂ ਦੇ ਸਾਰੇ ਬੱਚੇ ਨਵੇਂ ਕੇਂਦਰਾਂ 'ਤੇ ਪਰੀਖਿਆ ਦੇਣਗੇ । ਬੁਲਾਰੇ ਨੇ ਦੱਸਿਆ ਕਿ ਪਰੀਖਿਆ ਕੇਂਦਰਾਂ ਨੂੰ ਨਵੇਂ ਕੇਂਦਰਾਂ 'ਚ ਤਬਦੀਲ ਕਰਨ ਦੀ ਸੂਚੀ ਇਸ ਪ੍ਰਕਾਰ ਹੈ:-

ਤਰਨਤਾਰਨ-7, ਐਸ.ਜੀ.ਏ.ਡੀ., ਖਾਲਸਾ ਸ.ਸ.ਸ., ਬਲਾਕ-2 (ਤਰਨਤਾਰਨ) ਨੂੰ ਬਦਲ ਕੇ ਨਵਾਂ ਪ੍ਰੀਖਿਆ ਕੇਂਦਰ ਸੰਤ ਸਿੰਘ ਸੁੱਖਾ ਸਿੰਘ, ਮਾਡਰਨ ਹਾਈ ਸਕੂਲ, ਸਰਕੂਲਰ ਰੋਡ, ਤਰਨਤਾਰਨ ਤਬਦੀਲ ਕੀਤਾ ਗਿਆ ਹੈ।
ਐਸ.ਡੀ. ਸ.ਸ.ਸ., ਸਰਹਾਲੀ ਰੋਡ (ਬਲਾਕ-1) ਨੂੰ ਬਦਲ ਕੇ ਨਵਾਂ ਪ੍ਰੀਖਿਆ ਕੇਂਦਰ ਐਸ.ਜੀ.ਏ.ਡੀ., ਖਾਲਸਾ ਸ.ਸ.ਸ.ਸ. (ਬਲਾਕ-2) ਤਰਨਤਾਰਨ ਤਬਦੀਲ ਕੀਤਾ ਗਿਆ ਹੈ।
ਗੌ ਸ.ਸ.ਸ., ਧੁਨ ਨੂੰ ਬਦਲ ਕੇ ਨਵਾਂ ਪ੍ਰੀਖਿਆ ਕੇਂਦਰ ਐਸ.ਡੀ.ਸ.ਸ.ਸ., ਸਰਹਾਲੀ ਰੋਡ (ਬਲਾਕ-1) ਤਬਦੀਲ ਕੀਤਾ ਗਿਆ ਹੈ।
ਐਜੂਕੇਅਰ ਕੌਵੈਂਟ ਸਕੂਲ ਕੋਟ ਬੁਡਾ ਨੂੰ ਬਦਲ ਕੇ ਨਵਾਂ ਪ੍ਰੀਖਿਆ ਸ਼ਹੀਦ ਭਗਤ ਸਿੰਘ ਸ.ਸ.ਸ., ਪੱਟੀ ਬਲਾਕ-1 ਤਬਦੀਲ ਕੀਤਾ ਗਿਆ ਹੈ।
ਗੌ. ਹਾਈ. ਸਕੂਲ ਕੋਟਲੀ, ਬਸਾਵਾ ਸਿੰਘ ਨੂੰ ਬਦਲ ਕੇ ਨਵਾਂ ਪ੍ਰੀਖਿਆ ਸ਼ਹੀਦ ਭਗਤ ਸਿੰਘ ਸ.ਸ.ਸ., ਪੱਟੀ ਬਲਾਕ-2 ਤਬਦੀਲ ਕੀਤਾ ਗਿਆ ਹੈ।
ਗੌ. ਮਿਡਲ ਸਕੂਲ, ਮਸਤਗੜ੍ਹ ਨੂੰ ਬਦਲ ਕੇ ਨਵਾਂ ਪ੍ਰੀਖਿਆ ਸ਼ਹੀਦ ਭਗਤ ਸਿੰਘ ਸ.ਸ.ਸ., ਪੱਟੀ ਬਲਾਕ-3 ਤਬਦੀਲ ਕੀਤਾ ਗਿਆ ਹੈ।
ਗੌ. ਹਾਈ. ਸਕੂਲ, ਰਾਜੋਕੇ ਨੂੰ ਬਦਲ ਕੇ ਨਵਾਂ ਪ੍ਰੀਖਿਆ ਸ਼ਹੀਦ ਭਗਤ ਸਿੰਘ ਸ.ਸ.ਸ., ਪੱਟੀ ਬਲਾਕ-4 ਤਬਦੀਲ ਕੀਤਾ ਗਿਆ ਹੈ।
ਗੌ. ਮਿਡਲ ਸਕੂਲ ਲਖਾਨਾ ਨੂੰ ਬਦਲ ਕੇ ਨਵਾਂ ਪ੍ਰੀਖਿਆ ਸ਼ਹੀਦ ਭਗਤ ਸਿੰਘ ਸ.ਸ.ਸ., ਪੱਟੀ ਬਲਾਕ-5 ਤਬਦੀਲ ਕੀਤਾ ਗਿਆ ਹੈ।
ਗੁਰੂ ਗੋਬਿੰਦ ਸਿੰਘ ਖਾਲਸਾ ਕਾਲੇਜ, ਸਰਹਾਲੀ ਕਲਾਂ, ਬਲਾਕ-1 ਨੂੰ ਬਦਲ ਕੇ ਨਵਾਂ ਪ੍ਰੀਖਿਆ ਗੁਰੂ ਅਰਜੁਨ ਦੇਵ ਖਾਲਸਾ ਕਾਲੇਜ ਚੋਹਲਾ ਸਾਹਿਬ, ਬਲਾਕ-1 ਤਬਦੀਲ ਕੀਤਾ ਗਿਆ ਹੈ।
ਗੁਰੂ ਗੋਬਿੰਦ ਸਿੰਘ ਖਾਲਸਾ ਕਾਲੇਜ, ਸਰਹਾਲੀ ਕਲਾਂ, ਬਲਾਕ-2 ਨੂੰ ਬਦਲ ਕੇ ਨਵਾਂ ਪ੍ਰੀਖਿਆ ਗੁਰੂ ਅਰਜੁਨ ਦੇਵ ਖਾਲਸਾ ਕਾਲੇਜ ਚੋਹਲਾ ਸਾਹਿਬ, ਬਲਾਕ-2 ਤਬਦੀਲ ਕੀਤਾ ਗਿਆ ਹੈ।

ਬੋਰਡ ਦੇ ਬੁਲਾਰੇ ਨੇ ਦੱਸਿਆ ਕਿ ਨਵੇਂ ਸਥਾਪਿਤ ਕੀਤੇ ਗਏ ਕੇਂਦਰਾਂ 'ਚ ਕੇਂਦਰ ਸੁਪਰਡੰਟ ਨਾਲ ਸਬੰਧਤ ਸਾਰਾ ਰਿਕਾਰਡ ਅਤੇ ਪ੍ਰਸ਼ਨ ਪੱਤਰ ਨਵੇਂ ਪ੍ਰੀਖਿਆ ਕੇਂਦਰਾਂ ਵਿੱਚ ਪਹੁੰਚਾਉਣ ਦਾ ਕਾਰਜ ਜਿਲ੍ਹਾ ਮੈਨੇਜਰ ਖੇਤਰੀ ਦਫਤਰ ਅਤੇ ਜਿਲ੍ਹਾ ਸਿੱਖਿਆ ਅਫਸਰ ਤਰਨਤਾਰਨ ਕਰਨਗੇ। ਨਵੇਂ ਪ੍ਰੀਖਿਆ ਕੇਂਦਰਾਂ ਵਿੱਚ ਫਰਨੀਚਰ ਆਦਿ ਸੁਪਰਡੰਟ/ਨਿਗਰਾਨ ਦਾ ਪ੍ਰਬੰਧ ਜਿਲ੍ਹਾ ਸਿੱਖਿਆ ਅਫਸਰ ਤਰਨਤਾਰਨ ਕਰਨਗੇ। ਕੇਂਦਰ ਕੰਟਰੋਲਰ ਕਮ ਸਕੂਲ ਮੁੱਖੀ ਆਪਣੇ ਕੇਂਦਰ ਨਾਲ ਸਬੰਧਤ ਪ੍ਰਸ਼ਨ ਪੱਤਰ (ਸਮੁੱਚੇ) ਜ਼ਿਲ੍ਹਾ ਮੈਨੇਜਰ ਤਰਨਤਾਰਨ ਨੂੰ ਰਸੀਵ ਕਰਵਾਉਂਦੇ ਹੋਏ ਨਵੇਂ ਪ੍ਰੀਖਿਆ ਕੇਂਦਰਾਂ ਵਿੱਚ ਪਹੁੰਚਾਉਣ ਦਾ ਪ੍ਰਬੰਧ ਕਰਵਾਉਣਗੇ।

ਮਿਤੀ:-06-03-2018

ਕੋਮਲ ਸਿੰਘ
ਲੋਕ ਸੰਪਰਕ ਦਫ਼ਤਰ
ਪੰਜਾਬ ਸਕੂਲ ਸਿੱਖਿਆ ਬੋਰਡ

Scanned by CamScanner